# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ

ਜਦੋਂਕਿ ਇਸ ਦਫਤਰ ਦੇ ਹੁਕਮ ਨੰ: 4097, ਪਿੱਠ ਅੰਕਣ ਨੰ: 4098-4123/ਐਮ.ਏ, ਮਿਤੀ 01.07.2020 ਰਾਹੀਂ ਭਾਰਤ/ਰਾਜ ਸਰਕਾਰ ਦੇ ਹੁਕਮਾਂ ਦੀ ਪਾਲਣਾ ਵਿੱਚ ਮਿਤੀ 31.07.2020 ਤੱਕ ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਲਾਕਡਾਊਨ ਜਾਰੀ ਕੀਤਾ ਗਿਆ ਸੀ।

ਹੁਣ ਗ੍ਰਿਹ ਮਾਮਲੇ ਤੇ ਨਿਆ ਵਿਭਾਗ, ਪੰਜਾਬ ਸਰਕਾਰ ਵਲੋਂ ਆਪਣੇ ਪੱਤਰ ਨੰ: SS/ACSH/2020/528, ਮਿਤੀ 13.07.2020 ਰਾਹੀਂ ਅਨਲਾੱਕ-2 ਦੇ ਸਬੰਧ ਸੋਧੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਇਹਨਾਂ ਹੁਕਮਾਂ ਦੀ ਰੋਸ਼ਨੀ ਵਿੱਚ ਮੈਂ ਗੁਰਪ੍ਰੀਤ ਸਿੰਘ ਖਹਿਰਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਪਠਾਨਕੋਟ ਸੀ.ਪੀ.ਆਰ.ਸੀ ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇਹ ਹੁਕਮ ਪਾਸ ਕਰਦਾ ਹਾਂ ਕਿ ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਪੰਜ ਵਿਅਕਤੀਆਂ ਤੋਂ ਵੱਧ ਇਕੱਠੇ ਹੋਣ ਤੇ ਪੂਰਨ ਪਾਬੰਧੀ ਹੋਵੇਗੀ।

ਇਸ ਤੋਂ ਇਲਾਵਾ ਇਸ ਦਫਤਰ ਵਲੋਂ ਪਹਿਲਾਂ ਤੋਂ ਜਾਰੀ ਉਕਤ ਹੁਕਮ ਮਿਤੀ 01.07.2020 ਦੀ ਲਗਾਤਾਰਤਾ ਵਿੱਚ ਹੇਠ ਅਨੁਸਾਰ ਹੁਕਮ ਜਾਰੀ ਕੀਤੇ ਜਾਂਦੇ ਹਨ:-

1) **ਸਮਾਜਿਕ ਇਕੱਠ:-**

ੳ) ਵਿਆਹ ਜਾਂ ਹੋਰ ਸਮਾਜਿਕ ਪ੍ਰੋਗਰਾਮਾਂ ਵਿੱਚ 50 ਦੀ ਬਜਾਏ ਹੁਣ ਕੇਵਲ 30 ਵਿਅਕਤੀਆਂ ਤੱਕ ਇਕੱਠ ਕੀਤਾ ਜਾ ਸਕਦਾ ਹੈ ਅਤੇ ਸੰਸਕਾਰ ਲਈ ਪਹਿਲਾਂ ਦੀ ਤਰ੍ਹਾਂ ਕੇਵਲ 20 ਵਿਅਕਤੀਆਂ ਤੱਕ ਇਕੱਠ ਕੀਤਾ ਜਾ ਸਕਦਾ ਹੈ।

ਅ) ਥਾਣਾ ਵਾਈਜ਼ ਲਗਾਏ ਗਏ ਸਪੈਸ਼ਲ ਡਿਊਟੀ ਮੈਜਿਸਟਰੇਟ ਲੋਕਲ ਪੁਲਿਸ ਨਾਲ ਮਿਲ ਕੇ ਉਕਤ ਹੁਕਮਾਂ ਦੀ ਪਾਲਣਾ ਨੂੰ ਸਖਤੀ ਨਾਲ ਲਾਗੂ ਕਰਵਾਉਣਗੇ।

ੲ) ਪੈਲੇਸਾਂ, ਹੋਟਲਾਂ/ਬੈਨਕਉਟ ਹਾੱਲ ਮੈਨੇਜਮੈਂਟ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਅਦਾਰੇ ਵਿੱਚ ਇਕੱਠ ਸਬੰਧੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਲਈ ਖੁਦ ਜੁੰਮੇਵਾਰ ਹੋਣਗੇ ਅਤੇ ਦੋਸ਼ੀ ਪਾਏ ਜਾਣ ਤੇ ਸਬੰਧਤ ਪੈਲੇਸਾਂ, ਹੋਟਲਾਂ/ਬੈਨਕਉਟ ਹਾੱਲ ਦਾ ਲਾਇਸੰਸ ਰੱਦ ਕਰ ਦਿੱਤਾ ਜਾਵੇਗਾ।

ਸ) ਪੈਲੇਸਾਂ, ਹੋਟਲਾਂ/ਬੈਨਕਉਟ ਹਾੱਲ ਅਤੇ ਅਜਿਹੇ ਹੋਰ ਕਮਰਸ਼ੀਅਲ ਸਥਾਨਾਂ ਦੀ ਮੈਨੇਜਮੈਂਟ ਵਲੋਂ ਇਹ ਤਸਦੀਕ ਕੀਤਾ ਜਾਵੇਗਾ ਕਿ In-door Space ਵਿੱਚ ਵੈਂਟੀਲੇਸ਼ਨ ਦਾ ਪੁਖਤਾ ਪ੍ਰਬੰਧ ਕੀਤਾ ਗਿਆ ਹੈ। ਇਸ ਸਬੰਧੀ ਵੀ ਹਲਕਾ ਸਪੈਸ਼ਲ ਡਿਊਟੀ ਮੈਜਿਸਟਰੇਟ ਪੁਲਿਸ ਟੀਮ ਦੇ ਨਾਲ ਚੈਕਿੰਗ ਕਰਕੇ ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਾਉਣਾ ਯਕੀਨੀ ਬਣਾਉਣਗੇ।

DISTRICT MAGISTRATE PATHANKOT
सत्यमेव जयते

2) **ਹੋਰ ਜਨਤਕ ਇਕੱਠ:-**

ਕਿਸੇ ਵੀ ਪ੍ਰਕਾਰ ਦੇ ਹੋਰ ਜਨਤਕ ਇਕੱਠ ਦੀ ਸਖਤ ਮਨਾਹੀ ਹੋਵੇਗੀ ਅਤੇ ਦੋਸ਼ੀ ਪਾਏ ਜਾਣ ਤੇ ਸਬੰਧਤ ਵਿਰੁੱਧ ਐਫ.ਆਈ.ਆਰ ਦਰਜ਼ ਕੀਤੀ ਜਾਵੇਗੀ।

3) **Work Places:-**

ੳ) ਹਰ ਕੰਮ-ਕਾਜ਼ ਵਾਲੇ ਸਥਾਨ/ ਦਫਤਰ ਜਾਂ ਭੀੜ-ਭੜੱਕੇ ਵਾਲੇ ਸਥਾਨਾਂ ਤੇ ਮਾਸਕ ਪਾਉਣਾ ਲਾਜ਼ਮੀ ਹੋਵੇਗਾ।

ਅ) ਏ.ਸੀ ਚਲਾਉਣ ਸਬੰਧੀ ਅਤੇ Ventilation/Air circulation ਸਬੰਧੀ ਸਿਹਤ ਵਿਭਾਗ ਵਲੋਂ ਜਾਰੀ ਅਡਵਾਇਜ਼ਰੀ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ।

ੲ) ਦਫਤਰਾਂ ਵਿੱਚ ਅਤਿ ਜ਼ਰੂਰੀ ਅਤੇ ਜਰੂਰਤ ਅਨੁਸਾਰ ਸਟਾਫ ਨੂੰ ਬੁਲਾਇਆ ਜਾਵੇਗਾ। ਸਮੂਹ ਵਿਭਾਗਾਂ ਵਲੋਂ ਜਨਤਾ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਆਨ-ਲਾਈਨ Public Grievance Redressal System ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਲੋਕਾਂ ਦੀ ਸਹੂਲਤ ਲਈ ਇਸ ਦਾ ਪ੍ਰਚਾਰ ਕੀਤਾ ਜਾਵੇਗਾ।

ਸ) ਕਿਸੇ ਵੀ ਦਫਤਰ ਵਿੱਚ ਕਿਸੇ ਵੀ ਯੂਨੀਅਨ/ਐਸੋਸੀਏਸ਼ਨ/ਜੱਥੇਬੰਦੀ ਪਾਸੋਂ ਕੋਈ ਵੀ ਮੰਗ ਪੱਤਰ ਫਿਜੀਕਲੀ ਪ੍ਰਾਪਤ ਨਹੀਂ ਕੀਤਾ ਜਾਵੇਗਾ।

ਹ) ਜਿਲ੍ਹਾ ਪ੍ਰਸ਼ਾਸ਼ਨ ਨੂੰ ਜੇਕਰ ਕੋਈ ਜੱਥੇਬੰਦੀ ਮੰਗ ਪੱਤਰ ਦੇਣਾ ਚਾਹੁੰਦੀ ਹੈ ਜਾਂ ਕੋਈ ਵੀ ਵਿਅਕਤੀ ਆਪਣੀ ਦਰਖਾਸਤ ਦੇਣਾ ਚਾਹੁੰਦਾ ਹੈ ਤਾਂ ਸਬੰਧਤ ਵਿਅਕਤੀ/ਜੱਥੇਬੰਦੀ ਆਪਣਾ ਮੰਗ ਪੱਤਰ/ਦਰਖਾਸਤ ਇਸ ਦਫਤਰ ਦੀ ਈ.ਮੇਲ ਆਈ-ਡੀ dc.pathankot@gmail.com ਤੇ ਭੇਜ਼ ਸਕਦੀ ਹੈ। ਜੇਕਰ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲੋੜੀਂਦੀ ਹੋਵੇ ਤਾਂ ਦਫਤਰੀ ਸਮੇਂ ਦੌਰਾਨ 0186-2346464/2346342 ਅਤੇ ਬਾਕੀ ਸਮੇਂ 24×7 ਜਿਲ੍ਹਾ ਪ੍ਰਸ਼ਾਸ਼ਨ ਦੇ ਕੰਟਰੋਲ ਰੂਮ ਨੰ: 0186-2346642 ਜਾਂ 0186-2345542 ਜਾਂ ਟੋਲ ਫ੍ਰੀ ਨੰ: 1800 180 3361 ਤੇ ਫੋਨ ਕੀਤਾ ਜਾ ਸਕਦਾ ਹੈ।

ਕ) ਕੰਮ-ਕਾਜ਼ ਵਾਲੇ ਸਥਾਨਾ ਵਿੱਚ ਚਾਹ ਆਦਿ ਵਰਤਾਉਣ ਤੋਂ ਗੁਰੇਜ਼ ਕੀਤਾ ਜਾਵੇ।

ਖ) ਪੰਜ ਵਿਅਕਤੀਆਂ ਤੋਂ ਵੱਧ ਫਿਜੀਕਲ ਮੀਟਿੰਗ ਕਰਨ ਤੋਂ ਗੁਰੇਜ਼ ਕੀਤਾ ਜਾਵੇਗਾ।

DISTRICT MAGISTRATE सत्यमेव जयते PATHANKOT

4) **Dengue/Vector Borne Diseases ਦੀ ਰੋਕਥਾਮ ਸਬੰਧੀ:-**

ਨਗਰ ਨਿਗਮ, ਪਠਾਨਕੋਟ/ ਨਗਰ ਕੌਂਸਲ, ਸੁਜਾਨਪੁਰ/ ਨਗਰ ਪੰਚਾਇਤ ਨਰੋਟ ਜੈਮਲ ਸਿੰਘ/ ਨਗਰ ਸੁਧਾਰ ਟਰੱਸਟ, ਪਠਾਨਕੋਟ ਅਤੇ ਪੰਚਾਇਤੀ ਰਾਜ ਵਿਭਾਗ, ਪਠਾਨਕੋਟ ਵਲੋਂ ਸਪੈਸ਼ਲ ਸੈਨੀਟੇਸ਼ਨ ਡਰਾਈਵ ਚਲਾਈ ਜਾਵੇਗੀ ਤਾਂ ਜ਼ੋ ਬਰਸਾਤ ਦੇ ਮੌਸਮ ਵਿੱਚ Dengue/Vector Borne Diseases ਦੀ ਰੋਕਥਾਮ ਕੀਤੀ ਜਾ ਸਕੇ। ਇ ਸਬੰਧੀ ਰੋਜਾਨਾ ਕੀਤੀ ਜਾ ਰਹੀਆਂ ਗਤੀਵਿਧੀਆਂ ਦੀ ਰਿਪੋਰਟ ਇਸ ਦਫਤਰ ਦੀ ਈ.ਮੇਲ ਆਈਡੀ dc.pathankot@gmail.com ਤੇ ਭੇਜੀ ਜਾਣੀ ਯਕੀਨੀ ਬਣਾਈ ਜਾਵੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ: 14-7-20.

(ਗੁਰਪ੍ਰੀਤ ਸਿੰਘ ਖਹਿਰਾ) ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।

ਪਿੱਠ ਅੰਕਣ ਨੰ: ਐਮ.ਏ/ 4467-85 ਮਿਤੀ: 14/07/2020

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।
3) ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
4) ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।
5) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
6) ਵਧੀਕ ਡਿਪਟੀ ਕਮਿਸ਼ਨਰ (ਜ), ਪਠਾਨਕੋਟ।
7) ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰਕਲਾਂ।
8) ਸਹਾਇਕ ਕਮਿਸ਼ਨਰ (ਜਨਰਲ/ਸ਼ਿਕਾਇਤਾਂ), ਪਠਾਨਕੋਟ।
9) ਸਿਵਲ ਸਰਜਨ, ਪਠਾਨਕੋਟ।
10) ਜ਼ਿਲ੍ਹਾ ਮਾਲ ਅਫਸਰ, ਪਠਾਨਕੋਟ।
11) ਤਹਿਸੀਲਦਾਰ, ਪਠਾਨਕੋਟ/ਧਾਰਕਲਾਂ।
12) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਪਠਾਨਕੋਟ।
13) ਜ਼ਿਲ੍ਹਾ ਲੋਕ ਸੰਪਰਕ ਅਫਸਰ, ਪਠਾਨਕੋਟ ਨੂੰ ਜਨਤਕ ਸੂਚਨਾ ਹਿੱਤ।
14) ਜ਼ਿਲ੍ਹਾ ਖੁਰਾਕ ਸਿਵਲ ਸਪਲਾਈਜ਼ ਕੰਟਰੋਲਰ, ਪਠਾਨਕੋਟ।
15) ਸਮੂਹ ਵਿਭਾਗਾਂ ਦੇ ਮੁਖੀ, ਜ਼ਿਲ੍ਹਾ ਪਠਾਨਕੋਟ।
16) ਨਿੱਜੀ ਸਹਾਇਕ ਟੂ ਡਿਪਟੀ ਕਮਿਸ਼ਨਰ ਨੂੰ ਰਿਕਾਰਡ ਹਿੱਤ।

(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ
ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE
सत्यमेव जयते
PATHANKOT